# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿ.ਬੋ. ਕੰਪਲੈਕਸ, ਈ ਬਲਾਕ, ਚੌਥੀ ਮੰਜਿਲ, ਫੇਜ 8, ਮੋਹਾਲੀ ਨਗਰ (ਫੋਨ.0172-5212311)

---

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

ਪੱਤਰ ਨੰ. 2/4-ICT-2018-19/BSNL/ 2018 36974
ਮਿਤੀ 21|08|18

ਵਿਸ਼ਾ: ਇੰਟਰਨੈੱਟ ਕੁਨੈਕਸ਼ਨ ਬਦਲੀ ਕਰਨ ਸਬੰਧੀ।

1 ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਜਿਆਦਾਤਰ ਸਕੂਲਾਂ ਦੀਆਂ ਕੰਪਿਊਟਰ ਲੈਬਜ਼ ਵਿੱਚ ਲੱਗੇ ਇੰਟਰਨੈੱਟ ਕੁਨੈਕਸ਼ਨ ਕਈ ਕਾਰਨਾਂ ਕਰਕੇ ਲੰਬਾ ਸਮਾਂ ਖਰਾਬ ਰਹਿੰਦੇ ਹਨ, ਜਿਸ ਨਾਲ ਵਿਦਿਆਰਥੀਆਂ ਦੀ ਪੜਾਈ ਦਾ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਕਈ ਜਿਲ੍ਹਿਆਂ ਅਤੇ ਸਕੂਲਾਂ ਵੱਲੋਂ ਵੀ ਸਕੂਲ ਦਾ ਇੰਟਰਨੈੱਟ ਖਰਾਬ ਰਹਿਣ ਦੀ ਸ਼ਿਕਾਇਤ ਕੀਤੀ ਜਾਂਦੀ ਹੈ ਅਤੇ ਇਸਦਾ ਬਦਲਵਾ ਪ੍ਰਬੰਧ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

2 ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਸਕੂਲਾਂ ਵਿੱਚ BSNL ਦਾ ਇੰਟਰਨੈੱਟ ਕੁਨੈਕਸ਼ਨ, TNF ਏਰੀਆ ਹੋਣ ਕਾਰਨ ਨਹੀਂ ਚੱਲਦਾ, ਜਾਂ BSNL exchange ਬੰਦ ਹੋ ਗਈ ਹੈ ਜਾਂ ਸਕੂਲ ਦਾ ਇੰਟਰਨੈੱਟ (ਬੀ.ਐਸ.ਐਨ.ਐਲ.) ਲੰਬਾ ਸਮਾਂ ਬੰਦ/ਖਰਾਬ ਰਹਿੰਦਾ ਹੈ, ਨੂੰ ਇੰਟਰਨੈੱਟ ਕੁਨੈਕਸ਼ਨ ਬਦਲਣ ਦੀ ਪ੍ਰਵਾਨਗੀ ਆਪ ਵੱਲੋਂ ਇਸ ਸ਼ਰਤ ਤੇ ਦੇ ਦਿੱਤੀ ਜਾਵੇ ਕਿ ਸਕੂਲ ਇੰਟਰਨੈੱਟ ਡਿਵਾਇਸ (ਡੌਂਗਲ) ਦੀ ਖ੍ਰੀਦ ਆਪਣੇ ਪੱਧਰ ਤੇ ਕਰੇਗਾ ਅਤੇ ਸਕੂਲ ਨੂੰ ਇੰਟਰਨੈੱਟ ਗ੍ਰਾਂਟ ਲਈ ਬਣਦਾ ਖਰਚਾ, within the expenditure of BSNL Broadband, ਹੀ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਜੇਕਰ ਸਕੂਲ ਇੰਟਰਨੈੱਟ ਕੁਨੈਕਸ਼ਨ ਦਾ ਬਦਲਵਾ ਪ੍ਰਬੰਧ ਕਰਦਾ ਹੈ ਤਾਂ ਸਕੂਲ ਨੂੰ ਆਪਣਾ ਮੌਜੂਦਾ ਇੰਟਰਨੈੱਟ ਕੁਨੈਕਸ਼ਨ ਸਾਰੇ dues ਕਲੀਅਰ ਕਰਵਾਕੇ ਬੰਦ ਕਰਵਾਉਣ ਦੀ ਹਦਾਇਤ ਵੀ ਕਰ ਦਿੱਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ)
ਪੰਜਾਬ।

ਪਿ.ਅ.ਨੰ. ਉਕਤ ਮਿਤੀ: 21|08|2018

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1 ਸਬੰਧਤ ਡੀ.ਪੀ.ਸੀ. (ਰਮਸਾ/ਆਈ.ਸੀ.ਟੀ)।
2 ਸਬੰਧਤ ਸਰਕਲ ਪ੍ਰੋਜੈਕਟ ਕੁਆਰਡੀਨੇਟਰ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ)
ਪੰਜਾਬ।

# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਮਾਨਸਾ।

ਪੱਤਰ ਨੰ. ਆਈ.ਸੀ.ਟੀ./ਇੰਟਰਨੈੱਟ/2018/ 5571 ਮਿਤੀ. 24/8/18

ਉਪਰੋਕਤ ਦਾ ਉਤਾਰਾ ਸਮੂਹ ਸਕੂਲਾਂ ਦੇ ਮੁੱਖੀਆਂ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਸਕੂਲ ਵਿੱਚ ਇੰਟਰਨੈੱਟ ਦਾ ਬਦਲਵਾ ਪ੍ਰਬੰਧ ਜੇਕਰ ਜਰੂਰੀ ਹੋਵੇ ਤਾਂ ਕਰ ਲਿਆ ਜਾਵੇ ਅਤੇ ਸਬੰਧਿਤ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਸਕੂਲ ਇੰਟਰਨੈੱਟ ਕੁਨੈਕਸ਼ਨ ਦਾ ਬਦਲਵਾ ਪ੍ਰਬੰਧ ਕਰਦਾ ਹੈ ਤਾਂ ਸਕੂਲ ਆਪਣੇ ਮੌਜੂਦਾ ਇੰਟਰਨੈੱਟ ਕੁਨੈਕਸ਼ਨ ਦੇ ਸਾਰੇ dues ਕਲੀਅਰ ਕਰਕੇ ਬੰਦ ਕੀਤੇ ਜਾਣ ਅਤੇ ਇਸ ਸਬੰਧੀ ਸੂਚਨਾ (ਨਵੇਂ ਅਤੇ ਬੰਦ ਕੀਤੇ ਕੁਨੈਕਸ਼ਨ) ਇਸ ਦਫਤਰ ਨੂੰ ਈ ਮੇਲ ਰਾਹੀ ਭੇਜਣੀ ਯਕੀਨੀ ਬਣਾਈ ਜਾਵੇ। ਉਕਤ ਹਵਾਲਾ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

24/08/18
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਮਾਨਸਾ।

Scanned by CamScanner